27 ਅਗਸਤ, 2018

# ਸਿਟੀ ਆਫ ਬ੍ਰੈਂਪਟਨ ਵਿੱਚ ਲੇਬਰ ਡੇ 2018

ਸੋਮਵਾਰ, 3 ਸਤੰਬਰ ਨੂੰ ਲੇਬਰ ਡੇ (Labour Day) ਦੇ ਮੌਕੇ 'ਤੇ ਬ੍ਰੈਂਪਟਨ ਸਿਟੀ ਹਾਲ (Brampton City Hall) ਬੰਦ ਰਹੇਗਾ। ਕਈ ਸਿਟੀ ਸੇਵਾਵਾਂ ਉਪਲਬਧ ਨਹੀਂ ਰਹਿਣਗੀਆਂ ਜਾਂ ਘਟਾਏ ਗਏ ਸੇਵਾ ਪੱਧਰਾਂ ਦੇ ਹੇਠ ਕੰਮ ਕਰਨਗੀਆਂ। ਨਿਵਾਸੀ ਇਸ ਸਮੇਂ ਦੌਰਾਨ ਵਿਅਕਤੀਗਤ ਤੌਰ 'ਤੇ ਵਿਆਹ ਦੇ ਲਾਇਸੈਂਸਾਂ ਲਈ ਦਰਖਾਸਤ ਨਹੀਂ ਦੇ ਸਕਣਗੇ, ਪਾਰਕਿੰਗ ਦੇ ਜੁਰਮਾਨੇ ਨਹੀਂ ਦੇ ਸਕਣਗੇ ਜਾਂ ਪਰਮਿਟ ਲਈ ਦਰਖਾਸਤ ਨਹੀਂ ਦੇ ਸਕਣਗੇ। ਔਨਲਾਈਨ ਵਿਕਲਪਾਂ ਲਈ ਕਿਰਪਾ ਕਰਕੇ brampton.ca 'ਤੇ ਜਾਓ।

ਕਈ ਸੇਵਾਵਾਂ ਸਧਾਰਨ ਢੰਗ ਨਾਲ ਕੰਮ ਕਰਨਾ ਜਾਰੀ ਰੱਖਣਗੀਆਂ, ਜਿਨ੍ਹਾਂ ਵਿੱਚ ਸ਼ਾਮਲ ਹਨ: ਫਾਇਰ ਅਤੇ ਐਮਰਜੈਂਸੀ (ਅੱਗ ਅਤੇ ਸੰਕਟਕਾਲ) ਸੇਵਾਵਾਂ ਅਤੇ ਬਾਇ-ਲਾਅ ਐਨਫੋਰਸਮੈਂਟ (ਉਪ-ਕਾਨੂੰਨ ਲਾਗੂਕਰਣ)। ਸਿਟੀ ਆਫ ਬ੍ਰੈਂਪਟਨ ਦੀਆਂ ਸੇਵਾਵਾਂ ਵਿੱਚ ਸਾਰੀਆਂ ਤਬਦੀਲੀਆਂ ਅਤੇ ਬੰਦ ਹੋਣ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ 311 'ਤੇ ਕਾਲ ਕਰੋ ਜਾਂ brampton.ca 'ਤੇ ਜਾਓ।

**ਲੇਬਰ ਡੇ ਵੀਕੈਂਡ ਲਈ ਬ੍ਰੈਂਪਟਨ ਟ੍ਰਾਂਜ਼ਿਟ ਦਾ ਕਾਰਜਕ੍ਰਮ:**

- ਸ਼ੁੱਕਰਵਾਰ, 31 ਅਗਸਤ: ਨਿਯਮਿਤ ਹਫਤੇ ਦੇ ਕਾਰਜ ਦਿਨ ਵਾਲੀ ਸੇਵਾ
- ਸ਼ਨੀਵਾਰ, 1 ਸਤੰਬਰ: ਨਿਯਮਿਤ ਸ਼ਨੀਵਾਰ ਵਾਲੀ ਸੇਵਾ
- ਐਤਵਾਰ, 2 ਸਤੰਬਰ: ਨਿਯਮਿਤ ਐਤਵਾਰ/ਛੁੱਟੀ ਵਾਲੀ ਸੇਵਾ
- ਸੋਮਵਾਰ, 3 ਸਤੰਬਰ: ਐਤਵਾਰ/ਛੁੱਟੀ ਵਾਲੀ ਸੇਵਾ

ਟ੍ਰਾਂਜ਼ਿਟ ਸਟੋਰ ਸੋਮਵਾਰ, 3 ਸਤੰਬਰ ਨੂੰ ਬੰਦ ਰਹਿਣਗੇ।

ਰੂਟਾਂ ਅਤੇ ਕਾਰਜਕ੍ਰਮ ਬਾਰੇ ਜਾਣਕਾਰੀ ਲਈ, 905.874.2999 'ਤੇ ਕਾਲ ਕਰੋ ਜਾਂ bramptontransit.com 'ਤੇ ਜਾਓ ਜਾਂ ਅਸਲ ਸਮੇਂ ਵਿੱਚ ਬੱਸ ਬਾਰੇ ਜਾਣਕਾਰੀ ਲਈ ਆਪਣੀ ਮੋਬਾਈਲ ਡਿਵਾਈਸ ਨਾਲ nextride.brampton.ca 'ਤੇ ਜਾਓ।

**ਪਾਰਕਸ ਅਤੇ ਰੇਕ੍ਰੀਏਸ਼ਨ**

ਜ਼ਿਆਦਾਤਰ ਰੇਕ੍ਰੀਏਸ਼ਨ ਫੈਸਿਲਿਟੀਜ ਸਿਵਿਕ ਹਾਲੀਡੇ (Civic Holiday) ਵਾਲੇ ਵੀਕੈਂਡ ਦੌਰਾਨ ਖੁੱਲ੍ਹੀਆਂ ਹਨ। ਕਿਰਪਾ ਕਰਕੇ ਪ੍ਰੋਗਰਾਮ ਦੇ ਕਾਰਜਕਰਮ ਸਮੇਂ ਦੀ ਪੁਸ਼ਟੀ ਕਰਨ ਲਈ, ਆਪਣੇ ਸਥਾਨਕ ਰੇਕ੍ਰੀਏਸ਼ਨ ਕੇਂਦਰ ਨੂੰ ਫੋਨ ਕਰੋ, 311 'ਤੇ ਕਾਲ ਕਰੋ ਜਾਂ online (ਔਨਲਾਈਨ) ਜਾਓ। ਕਿਰਪਾ ਕਰਕੇ ਧਿਆਨ ਦਿਓ ਕਿ ਲੇਬਰ ਡੇ ਪ੍ਰੋਫੈਸਰਸ ਲੇਕ (Professor's Lake) ਅਤੇ ਐਲਡੋਰਾਡੋ ਪੂਲ (Eldorado Pool) ਵਿਖੇ ਸਪ੍ਰੇ ਪੈਡਸ, ਵੈਡਿੰਗ ਪੂਲਸ ਅਤੇ ਤੈਰਾਕੀ ਦਾ ਅਨੰਦ ਮਾਣਨ ਲਈ ਆਖ਼ਰੀ ਵੀਕੈਂਡ ਹੈ।

ਸਿਟੀ ਦਾ ਰੇਕ੍ਰੀਏਸ਼ਨ ਐਡਮਿਨਿਸਟ੍ਰੇਟਿਵ ਔੱਫ਼ਿਸ (Recreation Administration Office) ਸੋਮਵਾਰ, 3 ਸਤੰਬਰ ਨੂੰ ਬੰਦ ਰਹੇਗਾ।

**ਪਟਾਕਿਆਂ ਤੋਂ ਸੁਰੱਖਿਆ**

ਲੇਬਰ ਡੇ ਵਾਲੇ ਦਿਨ ਸਿਟੀ ਆਫ ਬ੍ਰੈਂਪਟਨ ਦੇ ਦੁਆਰਾ ਆਯੋਜਿਤ ਪਟਾਕਿਆਂ ਦਾ ਕੋਈ ਪ੍ਰੋਗਰਾਮ ਨਹੀਂ ਹੈ।

ਲੇਬਰ ਡੇ ਸਾਲ ਦੇ ਦੌਰਾਨ ਉਹਨਾਂ ਚਾਰ ਦਿਨਾਂ ਵਿੱਚੋਂ ਨਹੀਂ ਹੈ, ਜਦੋਂ ਸਿਟੀ ਆਫ ਬ੍ਰੈਂਪਟਨ ਵਿੱਚ ਨਿੱਜੀ ਪਟਾਕਿਆਂ ਦੀ ਇਜਾਜ਼ਤ ਹੁੰਦੀ ਹੈ। ਹੋਰ ਜਾਣਕਾਰੀ ਲਈ, 311 'ਤੇ ਕਾਲ ਕਰੋ ਜਾਂ brampton.ca/bylaws 'ਤੇ ਜਾਓ।

**ਬ੍ਰੈਂਪਟਨ ਲਾਇਬ੍ਰੇਰੀ**

ਬ੍ਰੈਂਪਟਨ ਲਾਇਬ੍ਰੇਰੀ ਦੀਆਂ ਸਾਰੀਆਂ ਬ੍ਰਾਂਚਾਂ (ਸਿਵਿਕ ਸੈਂਟਰ (Civic Centre) ਵਿੱਚ ਚਿੰਗਕੂਜ਼ੀ (Chinguacousy), ਸਿਰਿਲ ਕਲਾਰਕ (Cyril Clark), ਫੋਰ ਕੋਰਨਰਸ (Four Corners), ਗੋਰ ਮੇਡੋਜ (Gore Meadows), ਮਾਊਂਟ ਪਲੈਜ਼ੈਂਟ ਵਿਲੇਜ (Mount Pleasant Village), ਸਪ੍ਰਿੰਗਡੇਲ (Springdale) ਅਤੇ ਸਾਊਥ ਫਲੇਚਰਸ (South Fletcher's)) ਲੇਬਰ ਡੇ ਦੇ ਮੌਕੇ 'ਤੇ 3 ਸਤੰਬਰ ਨੂੰ ਬੰਦ ਰਹਿਣਗੀਆਂ। ਹੋਰ ਜਾਣਕਾਰੀ ਲਈ 905.793.4636 ਜਾਂ 311 'ਤੇ ਕਾਲ ਕਰੋ ਜਾਂ bramptonlibrary.ca 'ਤੇ ਜਾਓ।

-30-